e-mail:
iti.patiala@yahoo.com
web site: www.dtepunjab.gov.in
ਫੋਨ 91-175-2200301

# ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ

ਮਾਡਲ ਟਾਊਨ, ਨਾਭਾ ਰੋਡ ਪਟਿਆਲਾ ।
(ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ)

ਸ਼ਾਖਾ ਮੀਮੋ ਨੰ: ਆਈਟੀ/ 10062 ਮਿਤੀ : 9/12/2021

ਸੇਵਾ ਵਿਖੇ,

(ਅਧਿ ਪੱਤਰ)

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ,
ਚੰਡੀਗੜ੍ਹ।

ਵਿਸ਼ਾ:- ਆਈ.ਐਮ.ਸੀ ਵਿੱਚ ਨਵਾਂ ਮੈਂਬਰ ਭਰਤੀ ਕਰਨ ਸਬੰਧੀ।

ਹਵਾਲਾ:- ਇਸ ਸੰਸਥਾ ਦੇ ਪੱਤਰ ਨੰ. ਆਈਟੀ/270 ਮਿਤੀ 15-01-2020 ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸੰਸਥਾ ਦੀ ਆਈ.ਐਮ.ਸੀ ਦਾ ਗਠਨ ਆਪ ਜੀ ਦੇ ਪੱਤਰ ਨੰ. ਪੀ.ਬੀ-ਗੌ: 2898-2ਟੀਈ (1)/26-25 ਮਿਤੀ 26-12-2001 ਰਾਹੀਂ ਸਥਾਪਿਤ ਕੀਤੀ ਗਈ ਸੀ।ਮੌਜੂਦਾ ਚੈਅਰਮੈਨ ਅਤੇ ਉਹਨਾਂ ਦੀ ਟੀਮ ਵੱਲੋਂ ਸਾਲ 2006-2007 ਤੋਂ ਕੰਮ ਸੰਭਾਲਿਆ ਗਿਆ ਹੈ।ਉਸ ਸਮੇਂ ਤੋਂ ਲੈ ਕੇ ਕਮੇਟੀ ਵੱਲੋਂ ਸੰਸਥਾ ਦੀ ਬਿਹਤਰੀ ਲਈ ਬਹੁਤ ਸਾਰੇ ਕੰਮ ਕੀਤੇ ਗਏ ਹਨ।ਪਿਛਲੇ ਸਮੇਂ ਵਿੱਚ ਕਮੇਟੀ ਦੇ ਬਹੁਤ ਹੀ ਸਰਗਰਮ ਮੈਂਬਰ ਸ੍ਰੀ ਅਰੁਣ ਰਲਹਨ ਜੀ ਅਕਾਲ ਚਲਾਣਾ ਕਰ ਗਏ ਹਨ। ਸੰਸਥਾ ਦੀ 31 ਵੀਂ ਮੀਟਿੰਗ ਜੋ ਕਿ ਮਿਤੀ 04-11-2019 ਨੂੰ ਹੋਈ, ਵਿੱਚ ਫੈਸਲਾ ਲਿਆ ਹੈ ਕਿ ਉਹਨਾਂ ਦੀ ਜਗ੍ਹਾਂ ਤੇ ਸ੍ਰੀ ਨਵਲਜੀਤ ਸਿੰਘ ਪ੍ਰੋਪਰਾਈਟਰ ਪੰਜਾਬ ਟੂਲਜ਼ ਕਾਰਪੋਰੇਸ਼ਨ ਡੀ.71 ਫੋਕਲ ਪੁਆਇੰਟ, ਪਟਿਆਲਾ ਨੂੰ ਮੈਂਬਰ ਵਜੋਂ ਚੁਣ ਲਿਆ ਜਾਵੇ।ਸ੍ਰੀ ਨਵਲਜੀਤ ਸਿੰਘ ਵੱਲੋਂ ਇਸ ਮੰਤਵ ਲਈ ਆਪਣੀ ਸਹਿਮਤੀ ਦਿੱਤੀ ਗਈ ਹੈ।ਸੰਸਥਾ ਵੱਲੋਂ ਹਵਾਲੇ ਅਧੀਨ ਪੱਤਰ ਰਾਹੀਂ ਨਵੇਂ ਮੈਂਬਰ ਦੀ ਨਿਯੁਕਤੀ ਕਰਦੇ ਹੋਏ ਆਪ ਜੀ ਨੂੰ ਆਈ.ਐਮ.ਸੀ ਆਈ.ਟੀ.ਆਈ ਪਟਿਆਲਾ, ਦਾ ਪੁਨਰਗਠਨ ਕਰਨ ਸਬੰਧੀ ਬੇਨਤੀ ਕੀਤੀ ਗਈ ਸੀ, ਪ੍ਰੰਤੂ ਹਾਲੇ ਤੱਕ ਸੰਸਥਾ ਨੂੰ ਇਹ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ। ਕ੍ਰਿਪਾ ਕਰਕੇ ਬਣਦੀ ਕਾਰਵਾਈ ਕਰਦੇ ਹੋਏ ਆਈ.ਐਮ.ਸੀ ਦਾ ਪੁਨਰਗਠਨ ਜਲਦੀ ਤੋਂ ਜਲਦੀ ਕਰਵਾਇਆ ਜਾਵੇ ਜੀ।

ਪ੍ਰਿੰਸੀਪਲ